# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਪ੍ਰੀਖਿਆ ਸ਼ਾਖਾ

ਨੰ: 2454/ਛ

ਮਿਤੀ : 24/05/2021

ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਯੂਨੀਵਰਸਿਟੀ ਵੱਲੋਂ ਅਜਿਹੇ ਵਿਦਿਆਰਥੀਆਂ ਨੂੰ ਇਕ ਵਿਸੇਸ ਮੌਕਾ ਦਿੱਤਾ ਜਾਂਦਾ ਹੈ ਜੋ ਆਪਣੀ ਕਲਾਸ/ਕੋਰਸ ਦੇ ਇਕ ਭਾਗ/ਸਮੈਸਟਰ ਵਿੱਚ ਫੇਲ੍ਹ ਹੋਣ/ਗੈਰ-ਹਾਜ਼ਰ ਰਹਿਣ ਕਾਰਣ ਪੂਰੇ ਵਿਸ਼ੇ ਜਾਂ ਰੀਅਪੀਅਰ/ਇੰਪਰੂਵਮੈਂਟ ਦੀ ਪ੍ਰੀਖਿਆ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਦੇ ਮੌਕਿਆਂ/ਸਮਾਂ ਸੀਮਾ ਵਿੱਚ ਪਾਸ ਨਹੀਂ ਕਰ ਸਕੇ ਜਿਸ ਕਾਰਣ ਉਨ੍ਹਾਂ ਨੂੰ ਕਲਾਸ/ਕੋਰਸ ਦੀ ਡਿਗਰੀ ਜਾਰੀ ਨਹੀਂ ਹੋ ਸਕੀ। ਇਸ ਦੇ ਨਾਲ ਹੀ ਕੁੱਝ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਨੇ ਆਪਣੇ ਕਲਾਸ/ਕੋਰਸ ਵਿੱਚ ਇਨਵਾਇਰਨਮੈਂਟ ਐਂਡ ਰੋਡ ਸੇਫਟੀ ਅਵੇਅਰਨੈਸ (EVS) ਅਤੇ ਡਰੱਗ ਐਬਿਊਜ਼ ਦਾ ਪੇਪਰ ਕੁਆਲੀਫਾਈ ਨਹੀਂ ਕੀਤਾ ਜਿਸ ਕਾਰਣ ਯੂ.ਜੀ.ਸੀ. ਨਿਯਮਾਂ ਅਨੁਸਾਰ ਉਨ੍ਹਾਂ ਨੂੰ ਡਿਗਰੀ ਜਾਰੀ ਨਹੀਂ ਹੋ ਸਕੀ।

ਇਸ ਵਿਸੇਸ ਮੌਕੇ ਅਧੀਨ ਪ੍ਰੀਖਿਆ ਦੇਣ ਦੇ ਇੱਛੁਕ ਵਿਦਿਆਰਥੀ ਹੇਠ ਲਿਖੇ ਅਨੁਸਾਰ ਫੀਸ/ਪ੍ਰੀਖਿਆ ਫਾਰਮ ਭਰਨਗੇ ਅਤੇ ਉਨ੍ਹਾਂ ਦੀ ਪਾਤਰਤਾ ਅਤੇ ਪ੍ਰੀਖਿਆ ਸ਼ਡਿਊਲ ਹੇਠ ਲਿਖੇ ਅਨੁਸਾਰ ਹੋਵੇਗਾ :

1. ਈਵਨ ਸਮੈਸਟਰ ਦੀਆਂ ਪ੍ਰੀਖਿਆ ਦੇਣ ਵਾਲੇ ਵਿਦਿਆਰਥੀ ਈਵਨ ਸਮੈਸਟਰ ਦੀਆਂ ਪ੍ਰੀਖਿਆਵਾਂ ਦੌਰਾਨ ਅਤੇ ਓਡ ਸਮੈਸਟਰ ਦੀਆਂ ਪ੍ਰੀਖਿਆਵਾਂ ਦੇਣ ਵਾਲੇ ਵਿਦਿਆਰਥੀ ਓਡ ਸਮੈਸਟਰ ਦੀਆਂ ਪ੍ਰੀਖਿਆਵਾਂ ਦੌਰਾਨ ਹੀ ਆਪਣੀ ਪ੍ਰੀਖਿਆ ਦੇ ਸਕਣਗੇ। ਉਨ੍ਹਾਂ ਲਈ ਕੋਈ ਵਿਸੇਸ਼ ਤੌਰ ਤੇ ਅਲੱਗ ਪ੍ਰੀਖਿਆ ਕੰਡਕਟ ਨਹੀਂ ਕਰਵਾਈ ਜਾਵੇਗੀ। ਸਾਲਾਨਾ ਪ੍ਰਣਾਲੀ ਦੇ ਵਿਦਿਆਰਥੀਆਂ ਲਈ ਪ੍ਰੀਖਿਆ ਜੂਨ/ਜੁਲਾਈ-2021 ਵਿੱਚ ਕੰਡਕਟ ਕਰਵਾਈ ਜਾਵੇਗੀ।

2. ਅਜਿਹੇ ਵਿਦਿਆਰਥੀਆਂ ਜਿਨ੍ਹਾਂ ਦੇ ਕਲਾਸ/ਕੋਰਸ ਦੇ ਇਕ ਭਾਗ/ਸਮੈਸਟਰ ਵਿੱਚ ਫੇਲ੍ਹ ਹੋਣ ਜਾਂ ਗੈਰ ਹਾਜ਼ਰ ਰਹਿਣ ਕਾਰਣ ਕਲਾਸ/ਕੋਰਸ ਪੂਰਾ ਨਹੀਂ ਹੋ ਸਕਿਆ ਲਈ ਵਿਸੇਸ਼ ਮੌਕਾ ਫੀਸ 50,000/- ਰੁਪਏ ਨਿਰਧਾਰਿਤ ਕੀਤੀ ਗਈ ਹੈ। ਸਬੰਧਤ ਪ੍ਰੀਖਿਆ ਲਈ, ਪ੍ਰੀਖਿਆ ਫੀਸ/ਦਾਖਲਾ ਫਾਰਮ ਦੀ ਕੀਮਤ ਇਸ ਤੋਂ ਇਲਾਵਾ ਹੋਵੇਗੀ।

3. ਅਜਿਹੇ ਵਿਦਿਆਰਥੀ ਜੋ ਆਪਣੀ ਰੀ-ਅਪੀਅਰ/ਇੰਪਰੂਵਮੈਂਟ ਪ੍ਰੀਖਿਆ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਦੇ ਸਮਾਂ ਸੀਮਾਂ ਵਿੱਚ ਮਿਲੇ ਮੌਕਿਆਂ ਵਿੱਚ ਪਾਸ ਨਹੀਂ ਕਰ ਸਕੇ, ਉਨ੍ਹਾਂ ਲਈ ਵਿਸੇਸ਼ ਮੌਕਾ ਪ੍ਰੀਖਿਆ ਲਈ ਫੀਸ 40,000/- ਰੁਪਏ (ਦੋ ਪੇਪਰਾਂ ਦੀ ਰੀਅਪੀਅਰ ਲਈ, ਵੱਧ ਤੋਂ ਵੱਧ ਦੋ ਸਮੈਸਟਰਾਂ ਲਈ) ਨਿਰਧਾਰਿਤ ਕੀਤੀ ਗਈ ਹੈ। ਹਰੇਕ ਸਮੈਸਟਰ ਦੀ ਪ੍ਰੀਖਿਆ ਫੀਸ/ਫਾਰਮ ਦੀ ਕੀਮਤ ਵੱਖਰੀ ਹੋਵੇਗੀ।

4. ਇਨਵਾਇਰਨਮੈਂਟ ਐਂਡ ਰੋਡ ਸੇਫਟੀ ਅਵੇਅਰਨੈਸ (EVS) ਅਤੇ ਡਰੱਗ ਐਬਿਊਜ਼ ਦੇ ਪੇਪਰ ਦੇਣ ਲਈ ਸਪੈਸ਼ਲ ਮੌਕਾ ਫੀਸ 2500/-ਰੁਪਏ ਨਿਰਧਾਰਿਤ ਕੀਤੀ ਗਈ ਹੈ। ਪ੍ਰੀਖਿਆ ਫੀਸ ਅਤੇ ਫਾਰਮ ਦੀ ਕੀਮਤ ਵੱਖਰੀ ਹੋਵੇਗੀ। ਜਿਨ੍ਹਾਂ ਵਿਦਿਆਰਥੀਆਂ ਨੇ EVS ਅਤੇ Drug Abuse ਦੋਵੇਂ ਪਰਚਿਆਂ ਦੀ ਪ੍ਰੀਖਿਆ ਦੇਣੀ ਹੈ ਉਨ੍ਹਾਂ ਨੂੰ ਇਨ੍ਹਾਂ ਪ੍ਰੀਖਿਆਵਾਂ ਲਈ ਸਪੈਸ਼ਲ ਮੌਕਾ ਫੀਸ 2500/- ਰੁਪਏ ਅਤੇ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫੀਸ ਵੱਖੋ-ਵੱਖਰੀ ਭਰਨੀ ਹੋਵੇਗੀ।

5. ਇਹ ਮੌਕਾ ਐਮ.ਫਿਲ. ਅਤੇ ਪੀ.ਐਚ.ਡੀ. ਦੀ ਪ੍ਰੀਖਿਆ ਲਈ ਨਹੀਂ ਹੈ। ਇਹ ਵਿਸੇਸ਼ ਮੌਕਾ ਕੇਵਲ ਬਾਹਰੀ ਲਿਖਤੀ ਵਿਸ਼ਿਆਂ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਤੇ ਲਾਗੂ ਹੋਵੇਗਾ, ਅਜਿਹੇ ਵਿਦਿਆਰਥੀ ਜਿਨ੍ਹਾਂ ਦੀ ਵਿਸ਼ਿਆਂ ਵਿੱਚ ਇੰਟਰਨਲ ਪ੍ਰੀਖਿਆ ਵਿੱਚ ਨਤੀਜਾ ਰੀਅਪੀਅਰ/ਫੇਲ੍ਹ ਹੈ ਉਹ ਇਸ ਅਧੀਨ ਅਪੀਅਰ ਨਹੀਂ ਹੋ ਸਕਦੇ। ਇਸ ਤੋਂ ਇਲਾਵਾ ਇਹ ਵਿਸੇਸ਼ ਮੌਕਾ ਸਿਰਫ ਉਨ੍ਹਾਂ ਕਲਾਸਾਂ ਅਤੇ ਵਿਸ਼ਿਆਂ ਲਈ ਹੋਵੇਗਾ ਜਿਸ ਵਿੱਚ ਪ੍ਰੈਕਟੀਕਲ ਦੀ ਪ੍ਰੀਖਿਆ ਨਹੀਂ ਹੈ।

6. ਇਸ ਵਿਸੇਸ਼ ਮੌਕਾ ਪ੍ਰੀਖਿਆ ਲਈ ਇੱਛੁਕ ਵਿਦਿਆਰਥੀ ਆਪਣੇ ਪ੍ਰੀਖਿਆ ਫਾਰਮ ਅਤੇ ਬਣਦੀ ਫੀਸ, ਮਿਤੀ 15-6-2021, ਸ਼ਾਮ 4.00 ਵਜੇ ਤੱਕ ਜਮ੍ਹਾਂ ਕਰਵਾ ਸਕਦੇ ਹਨ। ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫੀਸ ਕੇਵਲ ਆਫ ਲਾਈਨ ਮੋਡ ਰਾਹੀਂ ਹੀ ਸਵੀਕਾਰ ਕੀਤੇ ਜਾਣਗੇ।

7. ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਪ੍ਰੀਖਿਆਵਾਂ ਵਿੱਚ ਅਪੀਅਰ ਹੋਣ ਵਾਲੇ ਵਿਦਿਆਰਥੀਆਂ ਨੂੰ ਚਲੰਤ ਸਿਲੇਬਸ ਅਨੁਸਾਰ ਪ੍ਰੀਖਿਆ ਦੇਣੀ ਹੋਵੇਗੀ। ਪ੍ਰੰਤੂ ਜੇਕਰ ਕਿਸੇ ਕਲਾਸ/ਕੋਰਸ ਦੇ ਨਵੇਂ ਸਿਲੇਬਸ ਵਿੱਚ ਪਰਚਾ ਉਪਲਬਧ ਨਾ ਹੋਵੇ ਅਜਿਹੀ ਸੂਰਤ ਵਿੱਚ ਹੀ ਪੁਰਾਣੇ ਸਿਲੇਬਸ ਅਨੁਸਾਰ ਪਰਚੇ ਦਾ ਪ੍ਰਬੰਧ ਕੀਤਾ ਜਾਵੇਗਾ।

24/5/21

ਕੰਟਰੋਲਰ (ਪ੍ਰੀਖਿਆਵਾਂ)

Scanned with CamScanner